ਬੱਚਿਆਂ ਲਈ ਬਾਈਬਲ
ਉਪੱਸਥਿਤ

# ਯਸਾਯਾਹ ਭਵਿੱਖ ਵੇਖਦਾ ਹੈ



ਦੁਆਰਾ ਲਿਖਿਆ ਗਿਆ : Edward Hughes

ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Jonathan Hay

ਦੁਆਰਾ ਬਦਲਿਆ ਗਿਆ : Mary-Anne S.

ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque

ਦੁਆਰਾ ਬਣਾਇਆ ਗਿਆ : Bible for Children
www.M1914.org

©2017 Bible for Children, Inc.
ਆਗਿਆ ਦੇਣੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।

ਯਸਾਯਾਹ ਇੱਕ ਨਬੀ ਸੀ। ਉਸਦਾ ਕੰਮ ਸੀ ਕੀ ਜੋ ਪਰਮੇਸ਼ਵਰ ਨੇ ਕਿਹਾ ਲੋਕਾਂ ਨੂੰ ਦੱਸੇ। ਲੋਕ ਹਮੇਸ਼ਾਂ ਪਰਮੇਸ਼ਵਰ ਦਾ ਵਚਨ ਨਹੀ ਸੁਨਣਾ ਚਾਹੁੰਦੇ ਸਨ, ...



... ਪਰ ਯਸਾਯਾਹ ਨੇ ਕਦੀ ਵੀ ਪਰਮੇਸ਼ਵਰ ਨੂੰ ਨੀਵਾਂ ਨਾਂ ਕਰਨ ਦਿੱਤਾ। ਯਸਾਯਾਹ ਨੇ ਚਾਰ ਅਲੱਗ ਅਲੱਗ ਪਾਤਸ਼ਾਹੀਆਂ ਵਿੱਚ ਪਰਚਾਰ ਕੀਤਾ।



ਬਾਦਸ਼ਾਹ ਉਜਿਆਹ ਯਹੂਦਾ ਦੀ ਧਰਤੀ
ਤੇ ਯਰੂਸ਼ਲਮ ਸ਼ਹਿਰ ਤੋਂ ਰਾਜ ਕਰਦਾ ਸੀ।
ਪਹਿਲਾਂ, ਪਰਮੇਸ਼ਵਰ ਨੇ ਉਜਿਆਹ ਨੂੰ ਆਸ਼ੀਸ਼
ਦਿੱਤੀ ਕਿਉਂਕਿ ਉਸਨੇ ਉਹ ਕੀਤਾ ਜਿਹੜਾ
ਪਰਮੇਸ਼ਵਰ ਦੀ ਨਜ਼ਰ ਵਿੱਚ ਠੀਕ ਸੀ।



ਪਰ ਉਜਿਆਹ ਨੂੰ ਘਮੰਡ ਹੋ ਗਿਆ ਅਤੇ ਉਸਨੇ ਪਰਮੇਸ਼ਵਰ ਦੀ ਆਗਿਆ ਨੂੰ ਮੰਨਣਾ ਛੱਡ ਦਿੱਤਾ। ਉਸ ਨੂੰ ਕੋੜ੍ਹ ਹੋ ਗਿਆ ਅਤੇ ਜਦ ਤੱਕ ਉਹ ਨਹੀ ਮਰੇਗਾ ਇਕੱਲਾ ਹੀ ਰਹਿਣਾ ਸੀ।



ਬਾਦਸ਼ਾਹ ਉਜਿਆਹ ਨੇ ਸੱਠ ਸਾਲ (60) ਤੱਕ ਰਾਜ ਕੀਤਾ। ਜਦ ਉਹ ਮਰ ਗਿਆ, ਉਸਦੇ ਪੁੱਤਰ ਜੋਥਾਮ ਨੇ ਉਸਦੀ ਜੁਗਾ ਲਈ ਅਤੇ ਸਤਾਰਾਂ ਸਾਲ (17) ਤੱਕ ਰਾਜ ਕੀਤਾ। ਪਰਮੇਸ਼ਵਰ ਨੇ ਜੋਥਾਮ ਨੂੰ ਆਸ਼ੀਸ਼ ਦਿੱਤੀ ਕਿਉਂਕਿ ਜੋ ਪਰਮੇਸ਼ਵਰ ਨੇ ਯਸਾਯਾਹ ਅਤੇ ਦੂਜੇ ਨਬੀਆਂ ਦੁਆਰਾ ਕਿਹਾ ਉਸਨੂੰ ਸੁਣਿਆ।



ਬਾਦਸ਼ਾਹ ਜੋਥਾਮ ਦਾ ਪੁੱਤਰ ਆਹਾਜ਼ ਸੀ। ਅਹਾਜ਼ ਵੀਹ ਸਾਲਾਂ (20) ਦਾ ਸੀ ਜਦੋਂ ਉਸਨੇ ਰਾਜ ਕਰਨਾ ਸੁਰੂ ਕੀਤਾ, ਅਤੇ ਉਸਨੇ ਸੋਲਹਾਂ ਸਾਲ (16) ਤੱਕ ਯਰੂਸ਼ਲਮ ਵਿੱਚ ਰਾਜ ਕੀਤਾ।

ਉਸਨੇ ਬੁੱਤਾਂ ਦੀ ਅਤੇ ਝੂਠੇ ਦੇਵਤਿਆਂ ਦੀ ਉਪਾਸਨਾਂ ਕੀਤੀ, ...



... ਅਤੇ ਬਹੁਤ ਸਾਰੇ ਪਰਮੇਸ਼ਵਰ ਦੇ ਲੋਕਾਂ ਦੀ ਉਹੀ ਕਰਨ ਦੀ ਅਗਵਾਈ ਕੀਤੀ। ਇੱਥੋਂ ਤੱਕ ਯਸਾਯਾਹ ਨੇ ਉਸਨੂੰ ਚੇਤਾਵਨੀ ਦਿੱਤੀ, ਅਹਾਜ਼ ਨੇ ਪਰਮੇਸ਼ਵਰ ਦੀ ਚੇਤਾਵਨੀ ਨੂੰ ਨਾ ਸੁਣਿਆ।



ਪਰਮੇਸ਼ਵਰ ਨੇ ਅਗਲੇ ਬਾਦਸ਼ਾਹ ਨੂੰ ਆਸ਼ੀਸ਼ ਦਿੱਤੀ, ਹਿਜ਼ਕੀਆਹ, ਕਿਉਂਕਿ ਉਸਨੇ ਸਾਰੇ ਝੂਠੇ ਦੇਵਤਿਆਂ ਅਤੇ ਬੁੱਤਾਂ ਨੂੰ ਕੱਢ ਦਿੱਤਾ, ਅਤੇ ਸੱਚੇ ਪਰਮੇਸ਼ਵਰ ਦੇ ਅੱਗੇ ਪ੍ਰਾਥਨਾ ਕੀਤੀ। ਜਦ ਦੁਸ਼ਮਣਾਂ ਦੀ ਸੈਨਾਂ ਨੇ ਯਹੂਦਾ ਉੱਤੇ ਹਮਲਾ ਕੀਤਾ, ਹਿਜ਼ਕੀਆਹ ਜਾਣ ਗਿਆ ਕੀ ਉਸਦੀ ਸੈਨਾਂ ਜਿੱਤਣ ਲਈ ਬਹੁਤ ਕਮਜ਼ੋਰ ਹੈ। ਉਸਨੇ ਯਸਾਯਾਹ ਨੂੰ ਪਰਮੇਸ਼ਵਰ ਦੀ ਮਦਦ ਲਈ ਪ੍ਰਾਥਨਾਂ ਕਰਨ ਲਈ ਕਿਹਾ।




ਯਸਾਯਾਹ ਨੇ ਬਾਦਸ਼ਾਹ ਨੂੰ ਆਪਣਾ ਸੰਦੇਸ਼
ਘੱਲਿਆ। “ਪਰਮੇਸ਼ਵਰ ਨੇ ਇਹ ਜੋ ਕਿਹਾ ਹੈ:
ਇਹਨਾਂ ਦੁਸ਼ਮਣਾਂ ਤੋਂ ਨਾ ਡਰ ... ਮੈਂ ਉਸਨੂੰ ਡਿੱਗਣ
ਦਾ ਕਾਰਨ ਬਣਾਵਾਂਗਾ ...”
ਉਸਦੇ ਜਲਦ ਬਾਅਦ
ਪਰਮੇਸ਼ਵਰ ਨੇ
ਦੁਸ਼ਮਣ ਦੀ ਸੈਨਾਂ ਨੂੰ
ਬਿਨਾਂ ਹਿਜ਼ਕੀਆਹ ਨਾਲ ਲੜੇ
ਜਾਣ ਲਈ ਮਜ਼ਬੂਰ ਕਰ ਦਿੱਤਾ।

ਭਾਂਵੇ ਉਸਦੇ ਆਸ ਪਾਸ ਦੇ ਲੋਕ ਪਰਮੇਸ਼ਵਰ ਦੇ ਬਾਰੇ



ਜਿਆਦਾ ਨਹੀ ਸੋਚਦੇ ਸਨ, ਯਸਾਯਾਹ ਨੇ ਇਸਦੇ ਬਾਰੇ ਬਹੁਤ ਸੋਚਿਆ। ਇੱਕ ਦਿਨ, ਉਸਨੇ ਇੱਕ ਦਰਸ਼ਨ ਦੇਖਿਆ, ...

... ਉਹ ਇੱਕ ਸੁਫ਼ਨੇ ਦੀ ਤੂਰਾਂ ਸੀ ਜਦ ਤੁਸੀ ਸੁੱਤੇ ਨਾ ਹੋਵੋ। ਦਰਸ਼ਨ ਦੇ ਵਿੱਚ, ਯਸਾਯਾਹ ਨੇ ਵੇਖਿਆ ਕੀ ਪਰਮੇਸ਼ਵਰ ਕਿੰਨਾਂ ਜਲਾਲੀ ਅਤੇ ਪਵਿੱਤਰ ਹੈ।



“ਮੈਂ ਕਿਹ ਨੂੰ ਘੱਲਾਂ” ਪਰਮੇਸ਼ਵਰ ਨੇ ਦਰਸ਼ਨ ਵਿੱਚ ਪੁੱਛਿਆ। “ਮੈਂ ਹਾਜ਼ਰ ਹਾਂ। ਮੈਨੂੰ ਘੱਲ,” ਯਸਾਯਾਹ ਨੇ ਉੱਤਰ ਦਿੱਤਾ। ਉਹ ਆਪਣੀ ਇੱਛਾ ਨਾਲ ਜੋ ਕੁਝ ਪਰਮੇਸ਼ਵਰ ਨੇ ਕਿਹਾ, ਅਤੇ ਜਿੱਥੇ ਉਹ ਭੇਜੇ ਜਾਣ ਲਈ ਤੈਆਰ ਸੀ।






ਸ਼ਾਇਦ ਯਸਾਯਾਹ ਨੇ ਸੋਚਿਆ ਕੀ ਪਰਮੇਸ਼ਵਰ
ਉਸ ਨੂੰ ਦੂਰ ਉਹਨਾਂ ਲੋਕਾਂ ਵਿੱਚ ਘੱਲੇਗਾ
ਜਿਹਨਾਂ ਨੇ ਪਰਮੇਸ਼ਵਰ ਦੇ ਬਾਰੇ ਸੁਣਿਆ
ਨਹੀ। ਪਰ ਨਹੀ,
ਪਰਮੇਸ਼ਵਰ ਨੇ
ਉਹ
ਨਹੀ
ਕੀਤਾ।


ਪਰਮੇਸ਼ਵਰ ਨੇ ਯਸਾਯਾਹ ਨੂੰ ਉਸਦੇ ਆਪਣੇ ਦੇਸ਼ ਵਿੱਚ ਉਸਦੇ ਆਪਣੇ ਲੋਕਾਂ ਨਾਲ ਬੋਲਣ ਲਈ ਕਿਹਾ। ਉਸਨੇ ਉਹਨਾਂ ਨੂੰ ਦੱਸਣਾ ਸੀ ਕੀ ਪਰਮੇਸ਼ਵਰ ਤੁਹਾਡੇ ਪਾਪਾਂ ਦੇ ਉੱਤੇ ਗੁੱਸੇ ਹੈ।


ਉੱਥੇ ਯਸਾਯਾਹ ਕੋਲ ਹੋਰ ਕੁਝ ਵੀ ਲੋਕਾ ਨੂੰ ਦੱਸਣ
ਲਈ ਸੀ - ਇੱਕ ਮਨੁੱਖ ਦੇ ਬਾਰੇ ਅਦਭੁਤ ਚੀਜ ਜੋ
ਇੱਕ ਤਾਕਤਵਰ ਛੁਡਾਉਣ ਵਾਲਾ ਅਤੇ ਸਾਰਿਆਂ
ਪਾਪਾਂ ਤੋਂ ਅਤੇ
ਉਹਨਾਂ
ਦੇ ਸਾਰੇ
ਦੁਸ਼ਮਣਾਂ
ਤੋ
ਬਚਾਉਣ
ਲਈ ਆਵੇਗਾ।

ਯਹੂਦੀ ਲੋਕ ਉਸ ਮਨੁੱਖ ਨੂੰ “ਮਸੀਹਾ” ਬੁਲਾਉਂਦੇ ਸਨ। ਉਹਨਾਂ ਦੀ ਉਮੀਦ ਇੱਥੋਂ ਤੱਕ ਸੀ ਪਰਮੇਸ਼ਵਰ ਮਸੀਹਾ ਨੂੰ ਭੇਜੇਗਾ, ਬਹੁਤ ਲੋਕ ਇਸ ਵਿੱਚ ਜੀਉਂਦੇ ਸਨ ਕੇ ਉਹ ਕਦੀ ਨਹੀ ਆਵੇਗਾ।



ਜੋ ਕੁਝ ਵੀ ਯਸਾਯਾਹ ਨੇ ਮਸੀਹਾ ਦੇ ਬਾਰੇ ਆਖਿਆ
ਉਹ ਸਭ ਕਿਤਾਬ ਵਿੱਚ
ਲਿਖਿਆ ਹੈ।




ਭਾਵੇਂ ਉਸਨੇ ਇਹ
ਚੀਜਾਂ ਹੋਣ ਤੋਂ ਸੌ
ਸਾਲਾਂ ਪਹਿਲਾਂ
ਲਿਖੀਆਂ, ਸਭ
ਕੁਝ ਯਸਾਯਾਹ ਨੇ
ਮਸੀਹਾ ਦੇ ਬਾਰੇ ਕਿਹਾ
ਸੱਚ ਹੋ ਜਾਵੇਗਾ।

ਯਸਾਯਾਹ ਨੇ ਆਖਿਆ
ਪਰਮੇਸ਼ਵਰ ਆਪ
ਤੂਹਾਨੂੰ



ਨਿਸ਼ਾਨ ਦੇਵੇਗਾ। ਉਸਨੇ
ਆਖਿਆ, “ਵੇਖੋ ਇੱਕ
ਕੂਆਰੀ ਗਰਭਵੰਤੀ
ਹੋਵੇਗੀ ਅਤੇ ਪੁੱਤਰ
ਜਣੇਗੀ ਅਤੇ



ਉਸ ਨੂੰ ਇਮਾਨੂੰਏਲ
ਬੂਲਾਵੇਗੀ।”

ਲੋਕ ਜਾਣ ਗਏ
ਕੀ ਯਸਾਯਾਹ



ਪਰਮੇਸ਼ਵਰ ਦੇ ਮਸੀਹਾ
ਬਾਰੇ ਗੱਲ ਕਰ ਰਿਹਾ ਹੈ
ਕਿਉਂਕਿ ਇਹ ਨਹੀਂ
ਹੋ ਸਕਦਾ ਇੱਕ



ਔਰਤ ਕੁਆਰੀ
ਵੀ ਹੋਵੇ ਅਤੇ ਉਸਦੇ
ਬੱਚਾ ਹੋਵੇ !

ਜਦ ਉਹ ਬੱਚਾ ਸਾਡੇ ਲਈ ਪੈਦਾ ਹੋਵੇ, ਜਦ ਉਹ ਪੁੱਤਰ ਸਾਨੂੰ ਦਿੱਤਾ ਜਾਵੇ; ਅਤੇ ਪਾਤਸ਼ਾਹੀਆਂ ਉਸਦੇ ਮੋਡਿਆ ਤੇ ਹੋਣਗੀਆਂ। ਅਤੇ ਉਸਦਾ ਨਾ ਚਮਤਕਾਰੀ, ਸਲਾਹਕਾਰ, ਜੋਰਾਵਰ ਪਰਮੇਸ਼ਵਰ, ਹਮੇਸ਼ਾਂ ਦਾ ਪਿਤਾ, ਸ਼ਾਂਤੀ ਦਾ ਰਾਜਕੁਮਾਰ।”



ਯਸਾਯਾਹ ਬਹੁਤ ਦ੍ਰਿੜ੍ਹ ਸੀ ਕੀ ਪਰਮੇਸ਼ਵਰ ਦਾ ਵਾਇਦਾ ਪੂਰਾ ਹੋ ਜਾਵੇਗਾ, ਉਹ ਇਸ ਤ੍ਰਾਂ ਬੋਲਿਆ ਜਿਵੇ ਸਮਾਂ ਪੂਰਾ ਹੋ ਗਿਆ ਹੋਵੇ। ਇਸ ਨੂੰ ਭਵਿੱਖਵਾਣੀ ਕਹਿੰਦੇ ਹਨ।

ਯਸਾਯਾਹ ਨੇ ਆਖਿਆ ਕੀ ਪਰਮੇਸ਼ਵਰ ਮਹਾਨ ਹੋਵੇਗਾ ਅਤੇ ਮਹਾਨ ਚੀਜਾਂ ਕਰੇਗਾ। ਪਰਮੇਸ਼ਵਰ ਨੇ ਯਸਾਯਾਹ ਨੂੰ ਲੋਕਾ ਨੂੰ ਇਹ ਵੀ ਕਹਿਣ ਲਈ ਆਖਿਆ ਕੀ ਮਸੀਹਾ ਦੁੱਖ਼ ਝੱਲੇਗਾ ਅਤੇ ਮਾਰ ਦਿੱਤਾ ਜਾਵੇਗਾ।

ਸ਼ਾਇਦ ਯਸਾਯਾਹ ਹੈਰਾਨ ਹੋਵੇਗਾ ਕੀ ਮਸੀਹਾ ਕਿਵੇਂ ਮਹਾਨ ਅਤੇ ਤਾਕਤਵਰ ...



... ਅਤੇ ਨਾਲੇ ਕਮਜ਼ੋਰ ਅਤੇ ਜ਼ਖਮੀ ਹੋਵੇਗਾ। ਪਰ ਯਸਾਯਾਹ ਨੇ ਪਰਮੇਸ਼ਵਰ ਨਾਲ ਵਾਦ-ਵਿਵਾਦ ਨਹੀ ਕੀਤਾ - ਉਸਨੇ ਕੇਵਲ ਉਵੇਂ ਹੀ ਵਾਰ ਵਾਰ ਕਹਿ ਦਿੱਤਾ ਜਿਵੇਂ ਪਰਮੇਸ਼ਵਰ ਨੇ ਉਸਨੂੰ ਕਿਹਾ ਸੀ। ਪਰਮੇਸ਼ਵਰ ਇਹ ਜ਼ਰੂਰ ਕਰੇਗਾ ਕੀ ਉਸਦੀ ਭਵਿੱਖਵਾਣੀ ਪੂਰੀ ਹੋ ਜਾਵੇ।



ਮਸੀਹਾ ਆ ਰਿਹਾ ਸੀ – ਸਿਰਫ਼ ਯਹੂਦੀ ਲੋਕਾਂ ਹੀ ਲਈ ਨਹੀਂ। ਪਰਮੇਸ਼ਵਰ ਨੇ ਯਸਾਯਾਹ ਨੂੰ ਆਖਿਆ ਕੀ ਮਸੀਹਾ ਹੋਰਾਂ ਜਾਤੀਆਂ ਲਈ ਚਾਨਣ ਹੋਵੇਗਾ। ਜਿਹੜੇ ਲੋਕ ਸੰਸਾਰ ਵਿੱਚ ਯਹੂਦੀ ਨਹੀ ਹਨ ਉਹ ਸਾਰੇ ਹੋਰ ਜਾਤੀਆਂ ਹਨ। ਪਰਮੇਸ਼ਵਰ ਸਾਰਿਆਂ ਨੂੰ ਪਿਆਰ ਕਰਦਾ ਹੈ ਅਤੇ ਮਸੀਹਾ ਸਾਰਿਆਂ ਨੂੰ ਆਸ਼ੀਸ਼ ਦੇਣ ਆਵੇਗਾ ਅਤੇ ਧਰਤੀ ਦੇ ਅੰਤ ਤੱਕ ਮੁਕਤੀ ਲਿਆਵੇਗਾ।



# ਯਸਾਯਾਹ ਭਵਿੱਖ ਵੇਖਦਾ ਹੈ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਯਸਾਯਾਹ ਦੀ ਕਿਤਾਬ 1, 6, 7, 9, 53

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

# ਸਮਾਪਤ

ਇਹ ਬਾਈਬਲ ਦੀ ਕਹਾਣੀ ਸਾਨੂੰ ਸਾਡੇ
ਅਨੋਖੇ ਪਰਮੇਸ਼ਵਰ ਦੇ ਬਾਰੇ ਦੱਸਦੀ ਹੈ, ਜਿਸ ਨੇ ਸਾਨੂੰ
ਬਣਾਇਆ ਅਤੇ ਉਹ ਚਾਹੁੰਦਾ ਹੈ ਕਿ ਅਸੀ ਉਸਨੂੰ ਜਾਣੀਏ।

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੂਰੇ ਕੰਮ ਕੀਤੇ ਹਨ। ਜਿਨ੍ਹਾਂ ਨੂੰ ਉਹ
ਪਾਪ ਕਹਿੰਦਾ ਹੈ।ਪਾਪ ਦੀ ਸਜ਼ਾ ਮੌਤ ਹੈ, ਪਰ ਪਰਮੇਸ਼ਵਰ ਤੁਹਾਨੂੰ
ਬਹੁਤ ਪਿਆਰ ਕਰਦਾ ਹੈ।ਇਸ ਲਈ ਉਸਨੇ ਆਪਣੇ ਇਕਲੌਤੇ ਪੁੱਤਰ
ਯਿਸੂ ਨੂੰ ਭੇਜ਼ਿਆਂ, ਕਿ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ
ਸਾਡੇ ਗੁਨਾਹਾਂ ਲਈ ਸ਼ਜਾ ਪਾਵੇ।ਤਦ ਯਿਸੂ ਮੁਰਦਿਆਂ ਵਿੱਚੋ ਜੀ ਉਠਿਆਂ
ਅਤੇ ਆਪਣੇ ਸਵਰਗੀ ਘਰ ਨੂੰ ਵਾਪਿਸ ਪਰਤ ਗਿਆ।ਜ਼ੇਕਰ ਤੁਸੀ ਯਿਸੂ
ਉਤੇ ਵਿਸ਼ਵਾਸ਼ ਕਰਕੇ ਆਪਣੇ ਪਾਪਾ ਲਈ ਮੁਆਫੀ ਮੰਗਦੇ ਹੋ ਤਾਂ ਉਹ
ਤੁਹਾਡੇ ਲਈ ਇਹ ਕਰੇਗਾ।ਉਹ ਆਵੇਗਾ ਅਤੇ ਹੁਣ ਤੁਹਾਡੇ ਵਿੱਚ
ਵੱਸੇਗਾ, ਅਤੇ ਤੁਸੀ ਉਸਦੇ ਨਾਲ ਹਮੇਸ਼ਾ ਤੱਕ ਵੱਸੋਗੇ।

ਜ਼ੇਕਰ ਤੁਸੀ ਵਿਸ਼ਵਾਸ਼ ਕਰਦੇ ਹੋ ਕਿ ਇਹ ਸੱਚਾਈ ਹੈ ਤਾਂ ਪਰਮੇਸ਼ਵਰ ਨੂੰ ਇਹ ਆਖੋ ਪਿਆਰੇ ਯਿਸੂ, ਮੈ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀ ਪਰਮੇਸ਼ਵਰ ਹੋ, ਅਤੇ ਤੁਸੀ ਇਨਸਾਨ ਬਣੇ ਕਿ ਮੇਰੇ ਪਾਪਾਂ ਲਈ ਮਰੋ ਅਤੇ ਹੁਣ ਤੁਸੀ ਜਿੰਦਾ ਹੋ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਪਾਪਾਂ ਨੂੰ ਮੁਆਫ਼ ਕਰੋ, ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ, ਅਤੇ ਇੱਕ ਦਿਨ ਤੁਹਾਡੇ ਨਾਲ ਹਮੇਸ਼ਾਂ ਦੇ ਲਈ ਜਾਵਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੀ ਆਗਿਆ ਨੂੰ ਮੰਨਾ ਅਤੇ ਤੁਹਾਡੇ ਲਈ ਜੀਵਾਂ, ਤੁਹਾਡਾ ਬੱਚਾ ਬਣ ਕੇ ਆਮੀਨ।

ਪਰਮੇਸ਼ਵਰ ਦੇ ਵਚਨ ਨੂੰ ਪੜੋ ਅਤੇ ਰੋਜ਼ਾਨਾਂ ਉਸਦੇ ਨਾਲ ਗੱਲਬਾਤ ਕਰੋ। ਯਹੂੰਨਾ ਦੀ ਇੰਜ਼ੀਲ 3:16